ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਸਤਿਗੁਰੁ ਗਹਿਰ ਗੰਭੀਰੁ ਹੈ ਸੁਖ ਸਾਗਰੁ ਅਘਖੰਡੁ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ

ਪ੍ਰਕਾਸ਼ :
ਕੱਤਕ ਸੁਦੀ ਇਕਾਦਸ਼ੀ
ਸੰਮਤ 1977 ਬ੍ਰਿ:
22 ਨਵੰਬਰ 1920 ਈ:

ਬ੍ਰਹਮਲੀਨ :
29 ਮੱਘਰ 2099 ਬ੍ਰਿ :
13 ਦਸੰਬਰ 2013 ਈ :

Namdhari Elibrary NamdhariElibrary@gmail.com

Namdhari Elibrary NamdhariElibrary@gmail.com

ਸਰਬੰਗੀ ਸ਼ਖਸ਼ੀਅਤ ਦੇ ਮਾਲਕ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ, ਜਿੰਨਾਂ ਨੇ ਜਿੰਦਗੀ ਦੇ ਹਰ ਖੇਤਰ ਵਿੱਚ ਨਵੇਂ ਪੂਰਨੇ ਪਾਏ ਅਤੇ ਨਵੀਆਂ ਪੈੜਾਂ ਸਿਰਜੀਆਂ । ਹਜ਼ੂਰ ਜਿੰਨਾ ਰਾਹਾਂ ਤੇ ਤੁਰੇ, ਰੇਗਸਤਾਨ, ਨਖਲਸਤਾਨਾਂ ਵਿੱਚ ਤਬਦੀਲ ਹੋ ਗਏ । ਪੱਤਝੜਾਂ ਵਿੱਚ ਬਹਾਰਾਂ ਰੁਮਕਣ ਲੱਗੀਆਂ । ਆਪ ਜੀ ਨੇ ਸਾਹਿਬ ਸਤਿਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ ਦਾ ਪ੍ਰਚਾਰ ਤੇ ਪ੍ਰਸਾਰ ਕਰਦਿਆਂ ਸਾਂਝੀਵਾਲਤਾ, ਵਿਸ਼ਵ-ਅਮਨ ਅਤੇ ਭਰਾਤਰੀ-ਭਾਵ ਦਾ ਝੰਡਾ ਵਿਸ਼ਵ ਭਰ ਵਿੱਚ ਬੁਲੰਦ ਕੀਤਾ । ਆਪ ਜੀ 29 ਮੱਘਰ 2069 ਬਿਕ੍ਰਮੀ ਮੁਤਾਬਿਕ 13 ਦਸੰਬਰ 2012, ਦਿਨ ਵੀਰਵਾਰ ਸ਼ਾਮ 6.28 ਤੇ ਬ੍ਰਹਮਲੀਨ ਹੋ ਗਏ ਹਨ ।

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਾਵਨ ਯਾਦ ਵਿੱਚ

ਮਹਾਨ ਸਿਮਰਤੀ ਸਮਾਗਮ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਛਤਰ ਛਾਇਆ ਹੇਠ

ਨਾਮਧਾਰੀ ਸ਼ਹੀਦੀ ਸਮਾਰਕ

ਜੇਲ੍ਹ ਰੋਡ, ਨਜ਼ਦੀਕ ਸਿਵਲ ਹਸਪਤਾਲ, ਲੁਧਿਆਣਾ ਵਿਖੇ ਅਯੋਜਿਤ ਕੀਤਾ ਜਾ ਰਿਹਾ ਹੈ ।

24 ਮਾਰਚ 2013, ਦਿਨ ਐਤਵਾਰ, ਸਵੇਰੇ 9 ਵਜੇ ਤੋਂ ਅਰੰਭ

ਆਪ ਜੀ ਨੂੰ ਇਸ ਪਵਿੱਤਰ ਸਮਾਗਮ ਤੇ ਪਹੁੰਚਣ ਲਈ ਨਿਮਰਤਾ ਸਹਿਤ ਬੇਨਤੀ ਕੀਤੀ ਜਾਂਦੀ ਹੈ ।

ਪ੍ਰਾਰਥਕ

ਸਮੂਹ ਨਾਮਧਾਰੀ ਸਾਧ ਸੰਗਤ, ਲੁਧਿਆਣਾ

ਸੰਪਰਕ ਨੰ.: 98722-13113, 98765-37000, 98140-24773

Namdhari Elibrary NamdhariElibrary@gmail.com

ਤੂੰ ਪਿਆਰਾ, ਤੂੰ ਸੁਹਲ ਸਜੀਲਾ, ਤੂੰ ਸੀਤਲ, ਤੂੰ ਮਿੱਠਾ,
ਸੁੰਦਰ, ਸੁਬਕ, ਸਬੂਰੀ ਸੂਖਮ, ਤੇਰੇ ਜਿਹਾ ਨਾ ਡਿੱਠਾ ;
ਰੰਗਤ, ਮਹਿਕ, ਖਿੜਾਉ ਤੇਰੇ ਦਾ, ਚਰਚਾ ਹੋਇ ਚੁਫੇਰੇ :
ਰਾਗ, ਤਰਾਨੇ, ਤਰਬਾਂ ਵਾਦਨ, ਚਸਕ ਤੇਰੀ ਦਾ ਚਿੱਠਾ।।

— ਲਾਲਾ ਧਨੀ ਰਾਮ ਚਾਤ੍ਰਿਕ

ਇਹ ਤਾਂ ਨਹੀਂ ਕਿ ਮਿਲਿਆ ਨਾਹੀਂ, ਪਰ ਮਿਲ ਕੇ ਵਿਛੜ ਗਿਆ ਉਹ,
ਰੁੱਖਾਂ ਦੇ ਪੱਤੇ ਕਰਨ ਇਸ਼ਾਰੇ, ਕਿਤੇ ਏਧਰ ਉਧਰ ਗਿਆ ਉਹ,
ਟੋਲਣ ਉਸਨੂੰ ਪੌਣ ਤੇ ਪਾਣੀ, ਸੰਗ ਟੁਰ ਕੇ ਨਿਖੜ ਗਿਆ ਉਹ,
ਅੰਬਰ ਚੜ੍ਹ ਕੇ ਦੇਖਣ ਤਾਰੇ, ਸਾਨੂੰ ਬਾਲ ਕੇ ਕਿਧਰ ਗਿਆ ਉਹ ।।

— ਡਾ. ਸੁਰਜੀਤ ਪਾਤਰ

ਸਤਿਗੁਰ ਕੇਂਦਰ ਜਗਤ ਦਾ, ਸੂਰਜ ਸਮ ਪ੍ਰਕਾਸ਼।
ਪ੍ਰੇਮ ਨਿੱਘ ਨੂੰ ਵੰਡਦਾ, ਮਾਨਵਤਾ ਦੀ ਆਸ।
ਸਗਲ ਸਾਮਗਰੀ ਸਤਿਗੁਰੂ, ਰੱਖੀ ਸੂਤ ਪਰੋਏ।
ਚਾਨਣ ਗੁਰੂ ਦੀ ਜੋਤ ਦਾ, ਚਹੁੰ ਕੂੰਟਾਂ ਵਿੱਚ ਹੋਏ।
ਨਮੋ ਗੁਰੂ ਜਗਜੀਤ ਨੂੰ, ਮੇਰਾ ਹੈ ਪ੍ਰਣਾਮ।
ਚਰਨ ਕੰਵਲ ਨੂੰ ਪਰਸ ਕੇ, ਪਾਇਆ ਮਨ ਬਿਸਰਾਮ।

— ਪ੍ਰੋ: ਕਿਰਪਾਲ ਸਿੰਘ ਕਸੇਲ

ਇਕ ਕਥਾ ਪੜ੍ਹਦਿਆਂ, ਰਾਜ ਭਾਗ ਤਿਆਗਕੇ, ਜੰਗਲਾਂ ਵਿਚ ਭਟਕਦੇ, ਜ਼ਿੰਦਗੀ ਅਤੇ ਮੌਤ ਦੇ ਅਰਥ ਤਲਾਸ਼ਦੇ ਮਹਾਤਮਾ ਬੁੱਧ ਦੀ ਜਦੋਂ ਮੈਂ ਸ਼ਕਲ ਕਿਆਸਦੀ ਹਾਂ ਤਾਂ ਪ੍ਰਪਾਤ ਕਿਸੇ ਵੀ ਮੂਰਤ ਜਾਂ ਮੂਰਤੀ 'ਚੋਂ ਮੈਨੂੰ ਮਹਾਤਮਾ ਬੁੱਧ ਨਹੀਂ ਦਿਸਦੇ। ਪਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਤਸਵੀਰ ਵੱਲ ਤੱਕਦਿਆਂ ਮੈਨੂੰ ਲੱਗਿਆ ਮਹਾਤਮਾ ਬੁੱਧ ਹੂ-ਬ-ਹੂ ਇਹੋ ਜਿਹੇ ਹੀ ਹੋਣਗੇ। ਉਹੀ ਨੂਰਾਨੀ ਚਿਹਰਾ, ਉਹੀ ਨਿੱਕੀਆਂ ਨਿੱਕੀਆਂ ਗੱਲਾਂ ਰਾਹੀਂ ਵੱਡੇ ਵੱਡੇ ਅਰਥ ਸਮਝਾਉਣ ਵਾਲਾ ਬੁੱਧ ਇਹੋ ਜਿਹਾ ਹੀ ਤਾਂ ਹੋਵੇਗਾ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਵੇਖ ਕੇ ਮੈਨੂੰ ਲੱਗਿਆ ਕਿ ਮਹਾਂ-ਬਲੀ, ਪੀਰ-ਫਕੀਰ, ਸੰਤ, ਗੁਰੂ, ਰਿਸ਼ੀ ਮੁਨੀ ਇਹੋ ਜਿਹੇ ਹੀ ਤਾਂ ਹੁੰਦੇ ਹੋਣਗੇ। ਇਹ ਸੋਚਦਿਆਂ ਤੁਹਾਡਾ ਮਨ ਆਪਣੇ ਆਪ ਸਤਿਕਾਰ ਵਿਚ ਝੁਕ ਜਾਂਦਾ ਹੈ।

— ਡਾ. ਦਲੀਪ ਕੌਰ ਟਿਵਾਣਾ

Namdhari Elibrary NamdhariElibrary@gmail.com